ਦਫ਼ਤਰ ਡਾਇਰੈਕਟਰ, ਯੋਜਨਾ ਤੇ ਨਿਰੀਖਣ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਯੋਜਨਾ ਤੇ ਨਿਰੀਖਣ ਬੋਰਡ (Planning & Monitoring Board) ਦੀ ਇਕੱਤਰਤਾ ਮਿਤੀ 06-04-2022 ਨੂੰ ਸਵੇਰੇ 11.30 ਵਜੇ ਵਾਈਸ-ਚਾਂਸਲਰ ਸਾਹਿਬ ਦੀ ਚੇਅਰਮੈਨਸ਼ਿਪ ਅਧੀਨ ਸਿੰਡੀਕੇਟ ਰੂਮ ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਮੈਂਬਰ ਹਾਜ਼ਰ ਸਨ:

1. ਵਾਈਸ-ਚਾਂਸਲਰ ਸਾਹਿਬ (ਚੇਅਰਮੈਨ)
2 ਡੀਨ, ਅਕਾਦਮਿਕ ਮਾਮਲੇ
3 ਡੀਨ, ਕਾਲਜ ਵਿਕਾਸ ਕੌਂਸਲ
4 ਡੀਨ, ਫੈਕਲਟੀ ਆਫ਼ ਆਰਟਸ ਐਂਡ ਕਲਚਰ
5 ਡੀਨ, ਫੈਕਲਟੀ ਆਫ਼ ਬਿਜਨਸ ਸਟੱਡੀਜ਼
6 ਡੀਨ, ਫੈਕਲਟੀ ਆਫ਼ ਕੰਪਿਊਟਿੰਗ ਸਾਇੰਸਿਜ
7 ਡੀਨ, ਫੈਕਲਟੀ ਆਫ਼ ਐਜੂਕੇਸ਼ਨ ਆਫ਼ ਇਨਫਰਮੇਸ਼ਨ ਸਾਇੰਸਿਜ
8 ਡੀਨ, ਫੈਕਲਟੀ ਆਫ਼ ਇੰਜੀਨੀਅਰਿੰਗ
9 ਡੀਨ, ਫੈਕਲਟੀ ਆਫ਼ ਲੈਂਗੁਏਜਿਜ਼
10 ਡੀਨ, ਫੈਕਲਟੀ ਆਫ਼ ਲਾਅ
11 ਡੀਨ, ਫੈਕਲਟੀ ਆਫ਼ ਮੈਡੀਸਨ
12 ਡੀਨ, ਫੈਕਲਟੀ ਆਫ਼ ਫਿਜੀਕਲ ਸਾਇੰਸਿਜ
13 ਡੀਨ, ਫੈਕਲਟੀ ਆਫ਼ ਸ਼ੋਸ਼ਲ ਸਾਇੰਸਿਜ
14 ਰਜਿਸਟਰਾਰ
15 ਵਿੱਤ ਅਫ਼ਸਰ
16 ਡਾਇਰੈਕਟਰ, ਯੋਜਨਾ ਤੇ ਨਿਰੀਖਣ
17 ਡਾ. ਅਸ਼ੋਕ ਕੁਮਾਰ ਮਲਿਕ, ਪ੍ਰੋਫੈਸਰ, ਕੈਮਿਸਟਰੀ ਵਿਭਾਗ (ਵਿਸ਼ੇਸ਼ ਸੱਦੇ ਤੇ)
18 ਪ੍ਰੋਫੈਸਰ ਸੁਖਦੇਵ ਸਿੰਘ ਸੋਹਲ (ਰਿਟਾ.),
ਹਿਸਟਰੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ
19 ਪ੍ਰੋਫੈਸਰ, ਏ.ਐਸ. ਆਹਲੂਵਾਲੀਆ, ਬਾਟਨੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਡੀਨ, ਰਿਸਰਚ, ਪ੍ਰੋਫੈਸਰ, ਜਸਪਾਲ ਕੌਰ ਕੰਗ, ਗੁਰੂ ਨਾਨਕ ਸਿੱਖ ਸਟੱਡੀਜ਼ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ out of country ਹੋਣ ਕਾਰਨ ਅਤੇ ਪ੍ਰੋਫੈਸਰ, ਸੰਜੀਵ ਮਹਾਜਨ, ਲੋਕ ਪ੍ਰਸ਼ਾਸਨ ਵਿਭਾਗ, ਹਿਮਾਚਲ ਪ੍ਰਦੇਸ ਯੂਨੀਵਰਸਿਟੀ, ਸ਼ਿਮਲਾ ਕੁਝ ਕਾਰਨਾਂ ਕਰਕੇ ਇਕੱਤਰਤਾ ਵਿੱਚ ਹਾਜ਼ਰ ਨਹੀਂ ਹੋ ਸਕੇ।

ਮੀਟਿੰਗ ਦੀ ਸ਼ੁਰੂਆਤ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਬਾਹਰੋਂ ਆਏ ਮੈਂਬਰ ਸਾਹਿਬਾਨ ਪ੍ਰੋਫੈਸਰ ਸੁਖਦੇਵ ਸਿੰਘ ਸੋਹਲ (ਰਿਟਾ.), ਹਿਸਟਰੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ਅਤੇ ਪ੍ਰੋਫੈਸਰ, ਏ.ਐਸ. ਆਹਲੂਵਾਲੀਆ, ਬਾਟਨੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਹੁਣ ਪ੍ਰੋਫੈਸਰ ਅਤੇ ਪ੍ਰੋ ਵਾਈਸ-ਚਾਂਸਲਰ Eternal University, Himachal Pradesh) ਨੂੰ "ਜੀ ਆਇਆਂ" ਕਿਹਾ ਗਿਆ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਯੂਨੀਵਰਸਿਟੀ ਕੈਂਪਸ, ਸਬੰਧਤ ਬਾਹਰਲੇ ਸੈਂਟਰਾਂ, ਕਾਂਸਟੀਚਿਊਟ ਕਾਲਜਾਂ ਅਤੇ ਨੇਬਰਹੁੱਡ ਕੈਂਪਸਿਜ਼ ਆਦਿ ਵਿਖੇ ਅਕਾਦਮਿਕ ਸੈਸ਼ਨ 2022-23 ਦੌਰਾਨ ਨਵੇਂ ਕੋਰਸ ਸ਼ੁਰੂ ਕਰਨ, ਸੀਟਾਂ ਘਟਾਉਣ/ਵਧਾਉਣ, ਕੋਰਸ/ਵਿਭਾਗ ਦਾ ਨਾਮ ਬਦਲਣ ਅਤੇ ਯੂਨੀਵਰਸਿਟੀ ਵਿਖੇ ਸੈਂਟਰ ਆਦਿ ਸਥਾਪਤ ਕਰਨ ਸਬੰਧੀ ਤਜਵੀਜਾਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਨੂੰ ਇਸ ਇਕੱਤਰਤਾ ਵਿੱਚ ਵਿਚਾਰਿਆ ਜਾਣਾ ਹੈ।

ਵਾਈਸ-ਚਾਂਸਲਰ ਸਾਹਿਬ ਦੀ ਆਗਿਆ ਨਾਲ ਯੋਜਨਾ ਤੇ ਨਿਰੀਖਣ ਬੋਰਡ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਮਿਤੀ 11-02-2022 ਨੂੰ ਹੋਈ ਯੋਜਨਾ ਤੇ ਨਿਰੀਖਣ ਬੋਰਡ ਦੀ ਇਕੱਤਰਤਾ ਦੀ ਕਾਰਵਾਈ (ਨੱਥੀ) ਦੀ ਪੁਸ਼ਟੀ ਕੀਤੀ ਗਈ। ਇਸ ਉਪਰੰਤ ਪ੍ਰਾਪਤ ਹੋਈਆਂ ਤਜਵੀਜ਼ਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਬੋਰਡ ਵੱਲੋਂ ਸਰਬ-ਸੰਮਤੀ ਨਾਲ ਨਿਮਨਲਿਖਿਤ ਫੈਸਲਾ ਲਿਆ ਗਿਆ:

<u>(Annexure – B) ਨਵੇਂ ਕੋਰਸ ਸ਼ੁਰੂ ਕਰਨ ਸਬੰਧੀ।</u>

1. ਪੰਜਾਬੀ ਯੂਨੀਵਰਸਿਟੀ ਕੈਂਪਸ, ਮੌੜ ਦੇ ਨੇੜਲੇ ਸੈਂਟਰਾਂ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਕੈਂਪਸ ਵਿਖੇ ਵਿਭਾਗਾਂ ਵਿੱਚ ਪਹਿਲਾਂ ਤੋਂ ਐਮ.ਏ. (ਪੰਜਾਬੀ) ਕੋਰਸ ਹੋਣ ਕਾਰਣ ਬੋਰਡ ਵੱਲੋਂ ਪੰਜਾਬੀ ਯੂਨੀਵਰਸਿਟੀ ਕੈਂਪਸ, ਮੌੜ ਵਿਖੇ ਇਹ ਕੋਰਸ ਸ਼ੁਰੂ ਨਾ ਕਰਨ ਦਾ ਫੈਸਲਾ ਲਿਆ ਗਿਆ।

2. ਭਾਸ਼ਾਵਾਂ ਵਿਭਾਗ ਪੰਜਾਬੀ ਯੂਨੀਵਰਸਿਟੀ, ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ (ਤਲਵੰਡੀ ਸਾਬੋ)

(i) Five Year Integrated BA-MA Program in Language under honors school system (Major: Punjabi, English, Hindi, Sanskrit, Urdu, Persian) ਕੋਰਸ ਸ਼ੁਰੂ ਨਾ ਕੀਤਾ ਜਾਵੇ।

(ii) Certificate Course in Translation (Hindi, English to Punjabi) Six Months ਕੋਰਸ ਸ਼ੁਰੂ ਕਰ ਲਿਆ ਜਾਵੇ।

3. ਮਾਤਾ ਸੁੰਦਰੀ ਗਰਲਜ ਕਾਲਜ ਮਾਨਸਾ ਵਿਖੇ ਕੋਰਸਾਂ ਸਬੰਧੀ ਨਿਮਨਲਿਖਿਤ ਅਨੁਸਾਰ ਫੈਸਲਾ ਲਿਆ ਗਿਆ:

(i) M.A (Sociology) ਕੋਰਸ ਕੋਰਸ ਸ਼ੁਰੂ ਨਾ ਕੀਤਾ ਜਾਵੇ।

(ii) Certificate Course in Computerized Accounting and Tally (6 months) ਕੋਰਸ 20 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ।

(iii) Certificate Course in Web Designing (6 months) ਕੋਰਸ 20 ਸੀਟਾਂ ਨਾਲ ਸ਼ੁਰੂ ਕਰ ਲਿਆ ਜਾਵੇ।

(iv) B.Voc (Fashion Technology) (3 year) ਕੋਰਸ ਸ਼ੁਰੂ ਕਰਨ ਸਬੰਧੀ। ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ। ਇਹ ਕੋਰਸ ਯੂ.ਜੀ.ਸੀ ਦੀ B.Voc ਸਕੀਮ ਅਧੀਨ ਯੂ.ਜੀ.ਸੀ ਵੱਲੋਂ ਪ੍ਰਾਪਤ ਵਿੱਤੀ ਸਹਾਇਤਾ ਉਪਰੰਤ ਸ਼ੁਰੂ ਕੀਤਾ ਜਾ ਸਕਦਾ ਹੈ।

4. ਕਾਲਜ ਆਫ਼ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਰਾਮਪੂਰਾਫੂਲ ਵਿਖੇ ਨਿਮਨਲਿਖਿਤ ਅਨੁਸਾਰ ਕੋਰਸ ਜੋ ਕਿ 2021-22 ਦੌਰਾਨ abeyance ਵਿੱਚ ਰੱਖੇ ਗਏ ਸਨ ਨੂੰ ਅਕਾਦਮਿਕ ਸੈਸ਼ਨ 2022-23 ਦੌਰਾਨ ਵੀ abeyance ਵਿੱਚ ਰੱਖਣ ਦਾ ਫੈਸਲਾ ਲਿਆ ਗਿਆ।

**(i)** B.Tech (CSE and ECE)
**(ii)** Diploma (CE, ECE, ME)
**(iii)** B.Sc (Non-Medical)
**(iv)** BCA
**(v)** DCA

ਇਸ ਦੇ ਨਾਲ ਹੀ ਕਾਲਜ ਆਫ਼ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਰਾਮਪੂਰਾਫੂਲ ਨਵੇਂ ਤਰ੍ਹਾਂ ਦੇ viable ਕੋਰਸ ਸ਼ੁਰੂ ਕਰਨ ਤੇ ਵਿਚਾਰ ਕਰਨ।

5. ਯੂਨੀਵਰਸਿਟੀ ਕਾਲਜ (ਢਿਲਵਾਂ) ਵਿਖੇ B.Voc. Course "Renewable Energy Technology" (3 year) ਕੋਰਸ ਸ਼ੁਰੂ ਕਰਨ ਸਬੰਧੀ। ਇਸ ਕੋਰਸ ਦੀਆਂ 30 ਸੀਟਾਂ ਹੋਣਗੀਆਂ। ਇਹ ਕੋਰਸ ਯੂ.ਜੀ.ਸੀ ਦੀ B.Voc ਸਕੀਮ ਅਧੀਨ ਯੂ.ਜੀ.ਸੀ ਵੱਲੋਂ ਪ੍ਰਾਪਤ ਵਿੱਤੀ ਸਹਾਇਤਾ ਉਪਰੰਤ ਸ਼ੁਰੂ ਕੀਤਾ ਜਾ ਸਕਦਾ ਹੈ।

6. ਸੈਂਟਰ ਫਾਰ ਪਬਲਿਕ ਪਾਲਿਸੀ ਐਂਡ ਗਵਰਨੈਂਸ ਵਿਖੇ Master of Arts in Police Administration (2 years) 50 seats ਅਤੇ Master of Arts in Disaster Management (2 years) 50 seats ਸਬੰਧੀ ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਸੈਂਟਰ ਫਾਰ ਪਬਲਿਕ ਪਾਲਿਸੀ ਐਂਡ ਗਵਰਨੈਂਸ ਵਿਭਾਗ ਵੱਲੋਂ ਇਸ ਪ੍ਰਪੋਜ਼ਲ ਨੂੰ ਮੁਖੀ, ਪਬਲਿਕ ਐਡਮਨਿਸਟਰੇਸ਼ਨ ਵਿਭਾਗ ਅਤੇ ਡੀਨ, ਫੈਕਲਟੀ ਆਫ਼ ਸ਼ੋਸ਼ਲ ਸਾਇੰਸਿਜ ਦੁਆਰਾ ਪ੍ਰਪੋਜ਼ ਕੀਤਾ ਜਾਵੇ। ਡੀਨ, ਅਕਾਦਮਿਕ ਮਾਮਲੇ, ਡੀਨ, ਫੈਕਲਟੀ ਆਫ਼ ਸ਼ੋਸ਼ਲ ਸਾਇੰਸਿਜ, ਅਤੇ ਮੁਖੀ, ਲੋਕ ਪ੍ਰਸ਼ਾਸ਼ਨ ਵਿਭਾਗ ਇਸ ਸਬੰਧੀ ਵਿਚਾਰ ਵਟਾਂਦਰਾ ਕਰਕੇ ਯੋਗ ਕਾਰਵਾਈ ਕਰਨ।

7. ਪੰਜਾਬੀ ਯੂਨੀਵਰਸਿਟੀ, ਚੁੰਨੀ ਕਲ੍ਹਾਂ ਵਿਖੇ ਨਿਮਨਲਿਖਿਤ ਕੋਰਸ ਸ਼ੁਰੂ ਕਰ ਲਏ ਜਾਣ:

**(i)** B.Sc Non Medical with Computer Science (20 seats)
**(ii)** Diploma in Digital Marketing (20 seats)

8. ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ, ਰੱਲਾ (ਮਾਨਸਾ) ਵਿਖੇ B.A with Computer Application, Math, Political Science, History, Punjabi Literature ਸ਼ੁਰੂ ਕਰਨ ਸਬੰਧੀ ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਇਹ ਕੋਰਸ ਸ਼ੁਰੂ ਕਰਨ ਸਬੰਧੀ ਫੈਸਲਾ ਡੀਨ, ਅਕਾਦਮਿਕ ਮਾਮਲੇ ਆਪਣੇ ਪੱਧਰ ਤੇ ਕਰ ਸਕਦੇ ਹਨ।

**ਇਸ ਤੋਂ ਇਲਾਵਾ ਬੋਰਡ ਵੱਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਅਲੱਗ ਅਲੱਗ ਵਿਭਾਗਾਂ ਵੱਲੋਂ ਨਵੇਂ ਕੋਰਸ ਸ਼ੁਰੂ ਕਰਨ ਲਈ ਵਿਭਾਗੀ ਏ.ਸੀ.ਡੀ ਦੀਆਂ ਸਿਫਾਰਸ਼ਾਂ ਨੱਥੀ ਕਰਕੇ ਸਬੰਧਤ ਡੀਨ, ਫੈਕਲਟੀ ਰਾਹੀਂ ਭੇਜੀ ਜਾਇਆ ਕਰਨ।**

9. ਯੂਨੀਵਰਸਿਟੀ ਕਾਲਜ ਮੀਰਾਪੁਰ ਵਿਖੇ ਨਿਮਨਲਿਖਿਤ ਕੋਰਸਾਂ ਸਬੰਧੀ ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਨਿਮਨਲਿਖਤ ਅਨੁਸਾਰ ਕੋਰਸ ਸ਼ੁਰੂ ਕਰ ਲਏ ਜਾਣ:

(i) ਸਰਟੀਫਿਕੇਟ ਕੋਰਸ ਇੰਨ ਬੈਂਕਿੰਗ ਐਂਡ ਫਾਇਨਾਂਸ (30 seats)।
(ii) ਸਰਟੀਫਿਕੇਟ ਕੋਰਸ ਇਨ ਸੋਲਿਡ ਵੇਸਟ ਮੈਨੇਜਮੈਂਟ ਐਂਡ ਇਨਵਾਇਰਮੈਂਟ (30 seats)

10. ਯੂਨੀਵਰਸਿਟੀ ਕਾਲਜ ਘਨੌਰ ਵਿਖੇ ਨਿਮਨਲਿਖਿਤ ਕੋਰਸਾਂ ਸਬੰਧੀ ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਇਨ੍ਹਾਂ ਕੋਰਸਾਂ ਵਿੱਚ ਘੱਟੋ-ਘੱਟ 20 ਦਾਖਲੇ ਹੋਣ ਤਾਂ ਲੈਕਚਰ ਬੇਸਡ ਅਧਿਆਪਕ ਨਾਲ ਇਹ ਕੋਰਸ ਸ਼ੁਰੂ ਕਰ ਲਏ ਜਾਣ:

(i) ਸਰਟੀਫਿਕੇਟ ਕੋਰਸ ਇੰਨ ਯੋਗਾ (25 seats)
(ii) ਸਰਟੀਫਿਕੇਟ ਕੋਰਸ ਇੰਨ ਵੈਬ ਡਿਜ਼ਾਈਨਿੰਗ ਐਂਡ ਡਿਵੈਲਪਮੈਂਟ (25 seats)
(iii) ਸਰਟੀਫਿਕੇਟ ਕੋਰਸ ਇੰਨ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ (25 seats)
(iv) ਸਰਟੀਫਿਕੇਟ ਕੋਰਸ ਇੰਨ ਇੰਗਲਿਸ਼ ਕਮਿਊਨੀਕੇਸ਼ਨ ਐਂਡ ਸਕਿੱਲ (25 seats)

11. ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ ਵਿਖੇ ਨਿਮਨਲਿਖਤ ਕੋਰਸ ਸ਼ੁਰੂ ਨਾ ਕੀਤੇ ਜਾਣ।
(i) Diploma in Arabic Language and Linguistics (20 seats) 1 Year.
(ii) Diploma in Arabic Language and Linguistics (20 seats) 1 year
(iii) Certificate course in Shahmukhi Script (20 seats) 6 months
(iv) Certificate course for Developing Language Skill in Communication (20 seats) 6 months

(Annexure – C) ਕੋਰਸ ਬੰਦ ਕਰਨ ਸਬੰਧੀ।

12. ਯੂਨੀਵਰਸਿਟੀ ਕੰਪਿਊਟਰ ਸੈਂਟਰ ਵਿਖੇ ਨਿਮਨਲਿਖਤ ਕੋਰਸ ਬੰਦ ਕਰ ਦਿੱਤੇ ਜਾਣ:
(i) P.G. Diploma in Computer Application
(ii) P.G. Diploma in Computer maintenance and networking
(iii) P.G. Diploma in internet and web designing

13. ਕਾਮਰਸ ਵਿਭਾਗ ਵਿਖੇ ਬੀ.ਕਾਮ. ਆਨਰਜ਼ ਅਤੇ ਐਮ.ਕਾਮ. ਦਾ ਇੱਕ ਯੂਨਿਟ ਬੰਦ ਕਰਨ ਸਬੰਧੀ ਬੋਰਡ ਵੱਲੋਂ ਫੈਸਲਾ ਲਿਆ ਗਿਆ ਕਿ ਵਿਦਿਆਰਥੀਆਂ ਦਾ ਇਨ੍ਹਾਂ ਕੋਰਸਾਂ ਵਿੱਚ ਵਧੇਰੇ ਰੁਝਾਨ ਹੋਣ ਕਾਰਨ ਇਨ੍ਹਾਂ ਕੋਰਸਾਂ ਦਾ ਕੋਈ ਯੂਨਿਟ ਬੰਦ ਨਾ ਕੀਤਾ ਜਾਵੇ।

14. ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵਿਖੇ ਐਮ.ਟੈਕ. (ਪਾਰਟ ਟਾਈਮ ਕੋਰਸ) ਬੰਦ ਕਰ ਦਿੱਤਾ ਜਾਵੇ।

15. ਮਾਤਾ ਸੁੰਦਰੀ ਗਰਲਜ ਕਾਲਜ ਮਾਨਸਾ ਵੱਲੋਂ ਬੀ.ਐਸ.ਸੀ. ਹੋਮ ਸਾਇੰਸ ਇੰਨ ਹਿਊਮਨ ਡਿਵੈਲਪਮੈਂਟ ਅਤੇ ਬੀ.ਐਸ.ਸੀ (ਮੈਡੀਕਲ) ਕੋਰਸਾਂ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ।

(Annexure – D) ਕੋਰਸਾਂ ਦੀਆਂ ਸੀਟਾਂ ਘਟਾਉਣ ਸਬੰਧੀ।

16. ਕੰਪਿਊਟਰ ਸਾਇੰਸ ਵਿਭਾਗ ਵਿਖੇ ਕੋਰਸਾਂ ਸਬੰਧੀ ਬੋਰਡ ਵੱਲੋਂ ਨਿਮਨਲਿਖਿਤ ਅਨੁਸਾਰ ਫੈਸਲਾ ਲਿਆ ਗਿਆ:
(i) M.Tech (AI & DS) ਕੋਰਸ ਚਾਲੂ ਰੱਖਿਆ ਜਾਵੇ। ਦਾਖਲੇ ਦੀਆਂ ਸੀਟਾਂ 45 ਤੋਂ ਘਟਾ ਕੇ 20 ਕਰ ਦਿੱਤੀਆਂ ਜਾਣ। ਜੇਕਰ 15 ਸੀਟਾਂ ਭਰਨਗੀਆ ਤਾਂ ਹੀ ਇਹ ਕੋਰਸ ਸੈਸ਼ਨ 2022-23 ਦੌਰਾਨ ਚਲਾਇਆ ਜਾਵੇ।
(ii) M.Tech (Computer Science & Engineering) ਸੈਸ਼ਨ 2021-22 ਤੋਂ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵਿਖੇ ਸ਼ਿਫਟ ਕੀਤੇ ਜਾਣ ਨੂੰ ਮੰਜ਼ੂਰੀ ਦਿੱਤੀ।

17. ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀ ਪੀਰ ਨੇਬਰਹੁੱਡ ਕੈਂਪਸ ਰੱਲਾ (ਮਾਨਸਾ) ਵਿਖੇ ਐਮ.ਸੀ.ਏ. ਕੋਰਸ ਦੀਆਂ ਸੀਟਾਂ 60 ਤੋਂ ਘਟਾ ਕੇ 40 ਕਰਨ ਦੀ ਤਜਵੀਜ਼ ਨੂੰ ਬੋਰਡ ਵੱਲੋਂ ਪ੍ਰਵਾਨ ਕੀਤਾ ਗਿਆ ਅਤੇ ਫੈਸਲਾ ਕੀਤਾ ਗਿਆ ਕਿ ਜੇਕਰ ਇਸ ਕੋਰਸ ਵਿੱਚ ਘੱਟੋ-ਘੱਟ 30 ਸੀਟਾਂ ਭਰਨਗੀਆਂ ਤਾਂ ਹੀ ਇਹ ਕੋਰਸ ਸ਼ੁਰੂ ਕਰਨਾ ਹੈ।

18. ਯੂਨੀਵਰਸਿਟੀ ਕਾਲਜ ਬੇਨੜ੍ਹਾ ਧੂਰੀ ਵਿਖੇ ਐਮ.ਏ (ਹਿਸਟਰੀ) ਦੀਆਂ ਸੀਟਾਂ 50 ਤੋਂ ਘਟਾ ਕੇ 40 ਕਰਨ ਦੀ ਤਜਵੀਜ਼ ਨੂੰ ਬੋਰਡ ਵੱਲੋਂ ਪ੍ਰਵਾਨ ਕੀਤਾ ਗਿਆ।

(Annexure – E) ਵਾਈਸ-ਚਾਂਸਲਰ ਸਾਹਿਬ ਵੱਲੋਂ ਨਿਮਲਲਿਖਤ ਪ੍ਰਵਾਨਤ ਕੇਸਾਂ ਦੀ ਯੋਜਨਾ ਤੇ ਨਿਰੀਖਣ ਬੋਰਡ ਦੀ ਇਕੱਤਰਤਾ ਵਿੱਚ ਬੋਰਡ ਵੱਲੋਂ ਪੁਸ਼ਟੀ ਕੀਤੀ ਗਈ:

1. ਪੰਜਾਬੀ ਕੰਪਿਊਟਰ ਸਹਾਇਤਾ ਕੇਂਦਰ ਨੂੰ ਡਿਪਾਰਟਮੈਂਟ ਆਫ਼ ਪੰਜਾਬੀ ਡਿਵੈਲਪਮੈਂਟ (DPD) ਵਿੱਚ ਸ਼ਾਮਲ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
2. ਜੈਵਿਕ ਵਿਭਿਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ Centre for Restoration of Ecosystem of Punjab (ਪੰਜਾਬ ਦਾ ਵਣ-ਤ੍ਰਿਣ-ਜੀਵ-ਜੰਤ ਮੁੜ ਬਹਾਲੀ ਕੇਂਦਰ) ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
3. ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ Research, Innovation & Quality Improvement ਲਈ Centre for Rural Entrepreneurship and Skill Training (CRSET) ਖੋਲਣ ਦੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
4. ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੰਜਾਬ ਸਰਕਾਰ ਤੋਂ ਪ੍ਰਾਪਤ ਆਰਿਥਿਕ ਸਹਾਇਤਾ ਨਾਲ ਦਿਵਿਆਂਗਜਨਾਂ ਲਈ Centre for Empowerment of Persons with Disabilities ਸਥਾਪਤ ਕਰਨ ਦੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
5. ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਕਾਦਮਿਕ ਸੈਸ਼ਨ 2021-22 ਦੌਰਾਨ ਯੂਨੀਵਰਸਿਟੀ ਵਿੱਚ Inter-Disciplinary and Multi-Disciplinary ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
6. ਯੂਨੀਵਰਸਿਟੀ, ਕੈਂਪਸ ਮੌੜ ਵਿਖੇ ਅਕਾਦਮਿਕ ਸੈਸ਼ਨ 2021-22 ਦੌਰਾਨ B.Sc (Medical) ਅਤੇ B.Sc (Non-Medical) ਕੋਰਸ ਸ਼ੁਰੂ ਕਰਨ ਦੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
7. ਯਾਦਵਿੰਦਰਾ ਕਾਲਜ ਆਫ਼ ਇੰਜੀਨੀਅਰਿੰਗ, ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਬੀ.ਟੈਕ ਛੇ ਸਾਲਾ ਇੰਟੀਗ੍ਰੇਟਿਡ ਕੋਰਸ ਦੀਆਂ 180 ਸੀਟਾਂ ਵਿੱਚੋਂ 90 ਸੀਟਾਂ ਇੰਜੀਨੀਅਰਿੰਗ ਦੀ ਹਰੇਕ ਬਰਾਂਚ ਲਈ ਰਾਖਵੀ ਰੱਖਣ ਅਤੇ 90 ਸੀਟਾਂ 10+1 (ਨਾਨ ਮੈਡੀਕਲ) ਦੇ ਵਿਦਿਆਰਥੀਆਂ ਲਈ ਰਾਖਵੀ ਰੱਖਣ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
8. ਬਿਜਨਸ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ ਦੇ ਐਮ.ਬੀ.ਏ ਕੋਰਸ ਦੀਆਂ ਸੀਟਾਂ ਦੀ ਗਿਣਤੀ 95 ਤੋਂ ਘਟਾ ਕੇ 60 ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
9. ਟੂਰਿਜ਼ਮ ਹੋਸਪੀਟੈਲਿਟੀ ਅਤੇ ਹੋਟਲ ਮੈਨੇਜਮੈਂਟ ਵਿਭਾਗ ਵਿਖੇ ਸਰਟੀਫਿਕੇਟ ਕੋਰਸ ਇਨ ਬੇਕਰੀ ਐਂਡ ਕੁਕਰੀ ਦੀਆਂ ਕੁਲ 30 ਸੀਟਾਂ ਹਨ, ਇਸ ਕੋਰਸ ਵਿੱਚ 6 ਹੋਰ ਸੀਟਾਂ ਵਧਾਉਣ ਦੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
10. ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿਭਾਗ ਵਿਖੇ ਚਲ ਰਹੇ M.Tech (Computer Engineering) Part time Course ਅਕਾਦਮਿਕ ਸੈਸ਼ਨ 2022-23 ਦੌਰਾਨ ਪੱਕੇ ਤੌਰ ਤੇ ਬੰਦ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
11. ਸਿਵਲ ਇੰਜੀਨੀਅਰਿੰਗ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2021-22 ਦੌਰਾਨ M.Tech (Structural Engineering (Regular) ਕੋਰਸ ਸ਼ੁਰੂ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
12. ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਬੇਸਿਕ ਐਂਡ ਅਪਲਾਈਡ ਸਾਇੰਸ ਵਿਭਾਗ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਫੈਕਲਟੀ ਨੂੰ ਸਬੰਧਤ ਵਿਭਾਗਾਂ ਵਿੱਚ ਸ਼ਿਫਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਨੂੰ ਮਿਤੀ 29-03-2022 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਵਿੱਚ ਪਾਸ ਕੀਤਾ ਗਿਆ ਹੈ।
13. ਵਾਈਸ-ਚਾਂਸਲਰ ਸਾਹਿਬ ਸਾਹਿਬ ਦੇ ਆਦੇਸ਼ਾਂ ਅਨੁਸਾਰ ਪੰਜਾਬ ਇਤਿਹਾਸ ਅਧਿਐਨ ਵਿਭਾਗ ਨੂੰ ਇਤਿਹਾਸ ਵਿਭਾਗ ਵਿੱਚ ਮਰਜ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਮਰਜ ਕਰਨ ਉਪਰੰਤ ਵਿਭਾਗ ਦਾ ਨਾਮ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਰੱਖਿਆ ਗਿਆ ਹੈ। ਇਸ ਨੂੰ ਮਿਤੀ 29-03-2022 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਵਿੱਚ ਪਾਸ ਕੀਤਾ ਗਿਆ ਹੈ।
14. ਵੱਖ-ਵੱਖ ਕਾਂਸਟੀਚਿਊਟ ਕਾਲਜਾਂ ਵਿੱਚ ਇੱਕਸਾਰਤਾ ਲਿਆਉਣ ਸਬੰਧੀ ਮਿਤੀ 14-12-2022 ਨੂੰ ਡਾਇਰੈਕਟਰ, ਕਾਂਸਟੀਚਿਊਟ ਕਾਲਜਾਂ ਵਿਖੇ ਹੋਈ ਇਕੱਤਰਤਾ ਦੀ ਕਾਰਵਾਈ ਜਿਸ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨ ਕਰ ਲਿਆ ਗਿਆ। ਬੋਰਡ ਵੱਲੋਂ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।
15. ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵਿਖੇ M.Tech. (Computer Engineering) ਦਾ ਨਾਮ ਬਦਲ ਕੇ M.Tech. (Computer Science & Engineering) ਕਰਨ ਦੀ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਪ੍ਰਵਾਨਗੀ ਦਿੱਤੀ ਗਈ ਹੈ। ਬੋਰਡ ਵੱਲੋਂ ਵਾਈਸ-ਚਾਂਸਲਰ ਸਾਹਿਬ ਵੱਲੋਂ ਦਿੱਤੀ ਪ੍ਰਵਾਨਗੀ ਦੀ ਪੁਸ਼ਟੀ ਕੀਤੀ ਗਈ।

(Annexure – E) **ਮੌਕੇ ਤੇ ਟੇਬਲ ਏਜੰਡੇ ਦੇ ਤੌਰ ਤੇ ਵਿਚਾਰੇ ਗਏ ਕੇਸ**

16. ਵਾਈਸ-ਚਾਂਸਲਰ ਸਾਹਿਬ ਵੱਲੋਂ ਪਲਾਨਿੰਗ ਬੋਰਡ ਦੇ ਮੈਂਬਰਾਂ ਨੂੰ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਪਟਿਆਲਾ ਵਿਖੇ B.Tech. Electronics & Communication Engineering, B.Tech. Electronics & Computer Engineering, B.Tech. Mechanical Engineering ਅਤੇ B.Tech. Civil Engineering ਕੋਰਸਾਂ ਦੀਆਂ ਜਿਆਦਾਤਰ ਸੀਟਾਂ ਨਹੀਂ ਭਰ ਰਹੀਆਂ। ਇਸ ਲਈ ਇਨ੍ਹਾਂ ਦੀ ਪਿਛਲੇ ਤਿੰਨ ਸਾਲਾਂ ਦੀ ਅਡਮੀਸ਼ਨ ਦੀ average ਵਿੱਚ 20% ਦਾ buffer ਰੱਖ ਕੇ ਅਕਾਦਮਿਕ ਸੈਸ਼ਨ 2022-23 ਦੌਰਾਨ ਸੀਟਾਂ ਦੀ ਗਿਣਤੀ ਨੂੰ rationalise ਕਰ ਲਿਆ ਜਾਵੇ। ਇਸ ਲਈ AICTE ਦੇ ਨਿਯਮਾਂ ਨੂੰ ਵੀ ਧਿਆਨ ਵਿੱਚ ਰੱਖ ਲਿਆ ਜਾਵੇ। ਪਿਛਲੇ ਤਿੰਨ ਸਾਲਾਂ ਦੇ ਦਾਖਲੇ ਦਾ ਵੇਰਵਾ ਹੇਠ ਅਨੁਸਾਰ ਹੈ:

| Year | B.Tech ECE (sanctioned seat) | Filled Seat | B.Tech ECM (sanctioned seat) | Filled Seat | B.Tech ME (sanctioned seat) | Filled Seat | B.Tech. Civil (sanctioned seat) | Filled Seat |
|---|---|---|---|---|---|---|---|---|
| 2019-20 | 180 | 30 | 60 | 17 | 180 | 39 | 180 | 35 |
| 2020-21 | 180 | 63 | 60 | 63 | 180 | 88 | 180 | 98 |
| 2021-22 | 120 | 43 | 60 | 59 | 180 | 52 | 180 | 74 |
| Average | | 45 | | 46 | | 60 | | 69 |
| Increase/buffer 20% | | 54 | | 55 | | 72 | | 83 |

ਪਲਾਨਿੰਗ ਬੋਰਡ ਦੇ ਫੈਸਲੇ ਅਨੁਸਾਰ ਇਨ੍ਹਾਂ ਕੋਰਸਾਂ ਵਿੱਚ re-appropriation ਤੋਂ ਬਾਅਦ ਕੁਲ ਸੀਟਾਂ ਨਿਮਨਲਿਖਤ ਅਨੁਸਾਰ ਪਾਸ ਕੀਤੀਆਂ ਜਾਂਦੀਆਂ ਹਨ:

| | |
|---|---|
| B.Tech. Electronics & Communication Engineering | 60 |
| B.Tech. Mechanical Engineering | 90 |
| B.Tech. Electronics & Computer Engineering | 60 |
| B.Tech. Civil Engineering | 90 |

ਡਾਇਰੈਕਟਰ ਕਾਂਸਟੀਚਿਊਟ ਕਾਲਜਾਂ ਵੱਲੋਂ ਪਲਾਨਿੰਗ ਬੋਰਡ ਦੀ ਇਕੱਤਰਤਾ ਦੌਰਾਨ ਮੌਕੇ ਤੇ ਕਾਂਸਟੀਚਿਊਟ ਕਾਲਜਾਂ ਵਿਖੇ ਹੇਠ ਅਨੁਸਾਰ ਕੇਸ ਸ਼ੁਰੂ ਕਰਨ ਦੀ ਪ੍ਰੋਪੋਜਲ ਬੋਰਡ ਅੱਗੇ ਰੱਖੀ ਗਈ ਅਤੇ ਬੋਰਡ ਵੱਲੋਂ ਇਨ੍ਹਾਂ ਕੋਰਸਾਂ ਸਬੰਧੀ ਨਿਮਨਲਿਖਤ ਅਨੁਸਾਰ ਫੈਸਲਾ ਲਿਆ ਗਿਆ:

17. ਮਾਤਾ ਸੁੰਦਰੀ ਗਰਲਜ ਕਾਲਜ ਮਾਨਸਾ ਵਿਖੇ ਹੇਠ ਲਿਖੇ ਕੋਰਸ ਸ਼ੁਰੂ ਕਰ ਲਏ ਜਾਣ:
   (i) B.Ed (4 Year Integrated Programme)
   (ii) Diploma in Sign Language
   (iii) Diploma in Geriatic Care, Old age care & Nutrition (attach with Hospital)। ਇਸ ਕੋਰਸ ਨੂੰ ਸ਼ੁਰੂ ਕਰਨ ਵੇਲੇ local hospital ਵਿੱਚ internship ਲਗਾਉਣ ਦੀ ਵਿਵਸਥਾ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਇਸ ਸਬੰਧੀ Board of Studies ਵਿੱਚ ਸਲੇਬਸ ਪਾਸ ਕਰਵਾਉਣ ਸਮੇਂ ਕਾਰਵਾਈ ਕਰ ਲਈ ਜਾਵੇ ਜੀ।

19. ਪੰਜਾਬੀ ਯੂਨੀਵਰਸਿਟੀ ਟੀ.ਪੀ.ਡੀ. ਮਾਲਵਾ ਕਾਲਜ, ਰਾਮਪੁਰਾ ਫੂਲ ਵਿਖੇ ਹੇਠ ਲਿਖੇ ਕੋਰਸ ਸ਼ੁਰੂ ਕਰ ਲਏ ਜਾਣ:
   (i) One Year Diploma in Functional Language
   (ii) One Year Diploma in Library Science

13/4/22

ਡਾਇਰੈਕਟਰ, ਯੋਜਨਾ ਤੇ ਨਿਰੀਖਣ

Bandhu 13/04/22

ਡੀਨ, ਅਕਾਦਮਿਕ ਮਾਮਲੇ

13/4/22

ਵਾਈਸ-ਚਾਂਸਲਰ ਸਾਹਿਬ